# ਅਨੁਸੂਚਿਤ ਜਾਤੀਆਂ ਨਾਲ ਸਬੰਧਤ ਹੋਣਹਾਰ ਵਿਦਿਆਰਥੀਆਂ ਨੂੰ ਇਨਾਮ ਦੇਣ ਸਬੰਧੀ ਸਕੀਮ
## (ਨਾਨ ਪਲਾਨ)

**ਜਾਣਕਾਰੀ**

ਇਸ ਸਕੀਮ ਤਹਿਤ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਹੋਣਹਾਰ ਵਿਦਿਆਰਥੀਆਂ ਨੂੰ ਇਨਾਮ ਦੇਣ ਦਾ ਉਦੇਸ਼, ਉਨ੍ਹਾਂ ਨੂੰ ਪੜ੍ਹਾਈ ਵਿੱਚ ਨਿਪੁੰਨਤਾ ਹਾਸਲ ਕਰਨਾ ਹੈ। ਇਹ ਸਕੀਮ ਡਾਇਰੈਕਟਰ, ਸਿੱਖਿਆ ਵਿਭਾਗ(ਸੈ:ਸਿ:),ਪੰਜਾਬ ਰਾਹੀਂ ਲਾਗੂ ਕੀਤੀ ਜਾਂਦੀ ਹੈ।

**ਸ਼ੁਰੂ ਕਰਨ ਦਾ ਸਮਾਂ**

ਇਹ ਸਕੀਮ ਸਾਲ 1984-85 ਤੋਂ ਸ਼ੁਰੂ ਕੀਤੀ ਗਈ ਹੈ।

**ਨਾਰਮਜ਼**

ਇਸ ਸਕੀਮ ਦੇ ਨਾਰਮਜ ਅਨੁਸਾਰ 6ਵੀਂ, 8ਵੀਂ,10ਵੀਂ ਅਤੇ 12ਵੀਂ ਕਲਾਸ ਤੱਕ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਪੜ੍ਹ ਰਹੇ ਵਿਦਿਆਰਥੀ ਜੋ ਪਹਿਲਾਂ, ਦੂਜਾ ਅਤੇ ਤੀਜਾ ਦਰਜਾ ਪ੍ਰਾਪਤ ਕਰਦੇ ਹਨ, ਨੂੰ 100/-ਰੁਪਏ ਪ੍ਰਤੀ ਮਹੀਨਾ, ਪ੍ਰਤੀ ਵਿਦਿਆਰਥੀ ਇਨਾਮ ਦਿੱਤਾ ਜਾਂਦਾ ਹੈ। ਇਸ ਸਕੀਮ ਤਹਿਤ ਪੰਜਾਬ ਰਾਜ ਦੇ 228 ਸਿਖਿਆ ਬਲਾਕਾਂ ਦੇ ਯੋਗ ਵਿਦਿਆਰਥੀਆਂ ਨੂੰ ਵਜੀਫੇ ਦੀ ਅਦਾਇਗੀ ਆਨ ਲਾਈਨ ਕੀਤੀ ਜਾਂਦੀ ਹੈ। ਹਰ ਇੱਕ ਸਿੱਖਿਆ ਬਲਾਕ ਵਿਚੋਂ ਮੈਰਿਟ ਦੇ ਆਧਾਰ ਤੇ ਚੁਣੇ ਗਏ 3 ਲੜਕੇ ਅਤੇ 3 ਲੜਕੀਆਂ ਨੂੰ ਇਨਾਮ ਦਿੱਤਾ ਜਾਂਦਾ ਹੈ। ਚੁਣੇ ਗਏ ਹੋਣਹਾਰ ਵਿਦਿਆਰਥੀ 3 ਸਾਲ ; 2 ਸਾਲ ਅਤੇ 2 ਸਾਲਾਂ ਦਾ ਲਾਭ ਲੈ ਸਕਣਗੇ। ਜਿਲ੍ਹਾ ਸਿੱਖਿਆ ਅਫਸਰਾਂ ਵਲੋਂ ਯੋਗ ਵਿਦਿਆਰਥੀਆਂ ਦੀਆਂ ਸੂਚੀਆਂ ਨਿਰਧਾਰਤ ਕੀਤੇ ਪ੍ਰੋਫਾਰਮੇ ਵਿੱਚ ਡੀ.ਪੀ.ਆਈ.(ਸੈ:ਸਿ:) ਨੂੰ ਭੇਜੀਆਂ ਜਾਂਦੀਆਂ ਹਨ। ਇਹ ਸੂਚੀਆਂ ਡੀ.ਪੀ.ਆਈ.(ਸੈ:ਸਿ:) ਵਲੋਂ ਇੱਕਤਰ ਕਰਨ ਉਪਰੰਤ ਚੈਕ ਕਰਕੇ ਭਲਾਈ ਵਿਭਾਗ ਨੂੰ ਵਜੀਫੇ ਦੀ ਅਦਾਇਗੀ ਲਈ ਭੇਜੀਆਂ ਜਾਂਦੀਆਂ ਹਨ।